# ਸੰਵਾਦ

ISSN : 2395-1273

www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ
ਜਨਵਰੀ-ਜੂਨ 2025
ਅੰਕ-21ਵਾਂ

ISSN : 2395-1273

# ਸੰਵਾਦ

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਸਰਪ੍ਰਸਤ**
ਡਾ. ਅਰਵਿੰਦਰ ਕੌਰ ਕਾਹਲੋਂ
ਪ੍ਰਿੰਸੀਪਲ (ਕਾਰਜਕਾਰੀ)
ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**
ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
**ਖ਼ਾਲਸਾ ਕਾਲਜ ਅੰਮ੍ਰਿਤਸਰ-143002**

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

| **Patron :** | **Chief Editor:** |
|---|---|
| ***Dr. A. K. Kahlon*** | ***Dr. Atam Singh Randhawa*** |
| **+91 98724-56833** | **+91 98722-17273** |
| **ISSN : 2395-1273** | **January-June 2025** |



**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

## ਪੰਜਾਬੀ ਰੈਫ਼ਰੀਡ ਖੋਜ ਰਸਾਲਾ

### ਛਿਮਾਹੀ

ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025

## ਤਤਕਰਾ


- ਸੰਪਾਦਕੀ 5
- ਕੁਆਂਟਮ ਕਾਵਿ-ਸ਼ਾਸਤਰ 9
  ਅਮਰਜੀਤ ਸਿੰਘ ਗਰੇਵਾਲ
- ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼ 16
  ਡਾ. ਮਹਿਲ ਸਿੰਘ
- ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ 22
  ਡਾ. ਰਣਜੀਤ ਸਿੰਘ ਘੁੰਮਣ
- ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ 28
  ਡਾ. ਸੁਖਦੇਵ ਸਿੰਘ ਸੋਹਲ
- ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ 36
  ਡਾ. ਜਸਵਿੰਦਰ ਸਿੰਘ
- ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ 44
  ਡਾ. ਸਰਬਜੀਤ ਸਿੰਘ
- ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ 55
  ਡਾ. ਅਮਨਪ੍ਰੀਤ ਸਿੰਘ ਗਿੱਲ
- ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ 63
  ਡਾ. ਪਰਮਜੀਤ ਕੌਰ ਸਿੱਧੂ
- ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ 69
  ਡਾ. ਪਰਮਿੰਦਰ ਸਿੰਘ
- ਧੂਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ 75
  ਡਾ. ਰਜਨੀ ਬਾਲਾ
- ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ 84
  ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❒ ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ 91
ਡਾ. ਸਰਬਜੀਤ ਸਿੰਘ

❒ ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ 97
ਡਾ. ਪ੍ਰਕਾਸ਼ ਸਿੰਘ

❒ ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ 112
ਡਾ. ਸਤਵੀਰ ਸਿੰਘ

❒ ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ 124
ਡਾ. ਗੁਰਪ੍ਰੀਤ ਸਿੰਘ ਸੋਢੀ

❒ ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼ 128
ਡਾ. ਰੁਪਿੰਦਰ ਕੌਰ

❒ ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ 131
ਦਲਜੀਤ ਕੌਰ

❒ ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ 138
ਡਾ. ਪਵਨ ਸਰਵਰ

❒ ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ
ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ 147
ਕੁਲਜੀਤ ਸਿੰਘ

❒ ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ 156
ਡਾ. ਨਵਜੋਤ ਕੌਰ

## ਪੁਸਤਕ ਰੀਵਿਊ :

- ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ : ਡਾ. ਮਹਿਲ ਸਿੰਘ 163
- ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ : ਡਾ. ਯਾਦਵਿੰਦਰ ਸਿੰਘ 165
- ਮਨੁ ਪੰਖੀ ਭਇਓ (ਨਾਵਲ)/ਮਨਮੋਹਨ : ਡਾ. ਹਰਪ੍ਰੀਤ ਸਿੰਘ 168
- ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ 170
ਡਾ. ਪਰਮਜੀਤ ਢੀਂਗਰਾ

◈


ISSN : 2395-1273



# ਪਾਂਧੀ ਨਨਕਾਣਵੀਂ ਦੇ ਨਾਟਕ ‘ਰਾਤ ਵੇਲੇ ਸਰਘੀ ਵੇਲੇ’ ਦੀਆਂ ਸੰਵਾਦੀ ਜੁਗਤਾਂ




**ਨਿੰਦਰਪਾਲ ਸਿੰਘ* ਅਤੇ ਡਾ. ਨਛੱਤਰ ਸਿੰਘ****

* ਖੋਜਾਰਥੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ
**ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ
✆ 9463023046


1947 ਦੀ ਵੰਡ ਸਾਂਝੇ ਪੰਜਾਬ ਦੇ ਅਵਚੇਤਨੀ ਧਰਾਤਲ ਉਤੇ ਬੜੇ ਹੀ ਗਹਿਰੇ ਜ਼ਖ਼ਮ ਵਾਂਗ ਹੈ। ਵੰਡ ਨੇ ਘੁੱਗ ਵੱਸਦੇ ਸਾਂਝੇ ਪੰਜਾਬ ਦੇ ਆਪਸੀ ਸਬੰਧਾਂ ਦੀ ਤਾਣੀ ਨੂੰ ਐਸੀ ਗੰਢ ਮਾਰੀ, ਜੋ ਹਾਲੇ ਵੀ ਸੂਖ਼ਮਭਾਵੀ ਮਨ ਦੇ ਕਿਸੇ ਕੋਨੇ ਵਿਚ ਹੱਥ ਲਾਇਆਂ ਰੜਕਦੀ ਹੈ। ਇਹ ਤਾਂ ਸੁਖੀ ਵਸਦੇ-ਰਸਦੇ ਪੰਜਾਬ ਨੂੰ ਕਿਸੇ ਓਪਰੀ ਭੈੜੀ ਨਜ਼ਰ ਵਾਂਗ ਲੱਗੀ ਹੈ। ਜਿਸ ਨੇ ਤੂਤਾਂ ਵਾਲੇ ਖੂਹ ਦੀ ਠੰਡੀ ਛਾਂ ਖੋਹ ਲਈ, ਮੰਟੋ ਦੇ ਪਾਤਰ ਬਿਸ਼ਨ ਸਿੰਘ ਅੰਦਰ ਪੰਦਰਾਂ ਸਾਲਾਂ ਬਾਅਦ ਅਸਮਾਨ ਚੀਰਦੀ ਚੀਕ ਪੈਦਾ ਕਰ ਦਿੱਤੀ। ਚਾਨਣੀਆਂ ਰਾਤਾਂ ਵਿਚ ਸੱਜਦੇ ਤ੍ਰਿੰਝਣ ਦੀਆਂ ਪੂਣੀਆਂ ਕਿਸੇ ਖਲਾਰ ਸੁੱਟੀਆਂ ਤੇ ਚਰਖੇ ਦੀ ਮਾਲ੍ਹ ਕਿਸੇ ਕੱਤਣ ਤੋਂ ਪਹਿਲੇ ਤੋੜ ਘੱਤੀ। ਮਾਵਾਂ, ਧੀਆਂ, ਭੈਣਾਂ ਸਾਲੂ ਤੋਂ ਸੱਖਣੀਆਂ ਕਰ ਸੁੱਟੀਆਂ। ਕਮਰਿਆਂ ਦੀਆਂ ਕੰਧਾਂ ਨਾਲੋਂ ਹਟਾਏ ਟਰੰਕ, ਪੇਟੀਆਂ ਤੇ ਅਲਮਾਰੀਆਂ ਦੇ ਦਾਗ਼ ਆਪਣੇ ਹੋਣ ਦੇ ਸਬੂਤ ਹਾਲੇ ਪੇਸ਼ ਕਰ ਰਹੇ ਸਨ ਤੇ ਸੁੰਞੇ ਵਿਹੜੇ ਇਹ ਦੱਸਣ ਦੀ ਕੋਸ਼ਿਸ਼ ਵਿਚ ਹਨ ਕਿ ਇਥੇ ਨਿੱਕੀਆਂ-ਨਿੱਕੀਆਂ ਬਾਲੜੀਆਂ ਟਾਹਲੀ ਪੀਂਘਾਂ ਝੂਟਦੀਆਂ ਸਨ।

ਸੋ ਪਾਂਧੀ ਨਨਕਾਣਵੀਂ ਵੀ ਇਸ ਟੁੱਟ-ਭੱਜ ਦਾ ਸ਼ਿਕਾਰ ਹੋਇਆ ਹੈ। ਉਹ ਆਪਣੇ ਨਾਟਕ **ਰਾਤ ਵੇਲੇ ਸਰਘੀ ਵੇਲੇ** ਵਿਚ ਵੰਡ ਕਾਰਨ ਹੋਈ ਬੰਦੇ ਦੀ ਟੁੱਟ-ਭੱਜ ਦੀ ਤਸਵੀਰ ਪੇਸ਼ ਕਰਦਾ ਹੈ। ਇਹ ਨਾਟਕ ਕੋਇਟੇ, ਜਿਹਲਮ ਦੇ ਇਕ ਪਿੰਡ ਅਤੇ ਦਿੱਲੀ ਆਦਿ ਸਥਾਨਾਂ ਉੱਤੇ ਵਾਪਰਦਾ ਦਿਖਾਈ ਦਿੰਦਾ ਹੈ। ਨਾਟਕ ਦੀ ਪੜ੍ਹਤ ਉਪਰੰਤ ਇਹ ਤੱਥ ਸਪੱਸ਼ਟ ਹੁੰਦਾ ਹੈ ਕਿ ਇਕ ਪਾਸੇ ਦੇਸ਼ ਅਜ਼ਾਦ ਹੋ ਰਿਹਾ ਹੈ ਦੂਸਰੇ ਪਾਸੇ ਪੰਜ-ਪਾਣੀਆਂ ਦੀ ਧਰਤ ਉਪਰ ਵੰਡ ਦੀ ਬੜੀ ਗੂੜ੍ਹੀ ਲਕੀਰ ਖਿੱਚੀ ਜਾ ਚੁੱਕੀ ਹੈ। ਜਿਸ ਕਾਰਨ ਲੋਕਾਂ ਦੇ ਦਿਲਾਂ ਵਿਚ ਸਹਿਮ ਦਾ ਮਾਹੌਲ ਹੈ। ਹੋਣਾ ਕੀ ਹੈ ਕਿਸੇ ਨੂੰ ਕੁਝ ਵੀ ਸਪੱਸ਼ਟ ਨਹੀਂ। ਸਭ ਨੂੰ ਇਹੀ ਲੱਗਦਾ ਸੀ ਕਿ ਕੁਝ ਦਿਨਾਂ ਵਿਚ ਹੀ ਸਭ ਕੁਝ ਠੀਕ-ਠਾਕ ਹੋ ਜਾਵੇਗਾ। ਸਭ ਆਪਣੇ ਘਰੀਂ ਦੁਬਾਰਾ ਆ ਵੱਸਣਗੇ। ਲੇਕਿਨ ਉਨ੍ਹਾਂ ਦੇ ਭੋਲ਼ੇ ਮਨਾਂ ਨੂੰ ਨਹੀਂ ਸੀ ਪਤਾ ਕਿ ਰਾਜਨੀਤਕ ਤਕਸੀਮ ਕੀ ਹੁੰਦੀ ਹੈ? ਤਕਸੀਮ ਹੋਏ ਬੰਦੇ ਦੀ ਦਵੰਦਮੂਲਕਤਾ ਦਾ ਪ੍ਰਤੀਕ ਹੈ ਨਾਟਕ **ਰਾਤ ਵੇਲੇ ਸਰਘੀ ਵੇਲੇ**। ਨਾਟਕ ਦਾ ਸ਼ਾਬਦਿਕ ਅਰਥ ਕਰੀਏ ਤਾਂ ‘ਰਾਤ ਵੇਲੇ’ ਤੋਂ ਭਾਵ ਗ਼ੁਲਾਮੀ ਅਤੇ ‘ਸਰਘੀ ਵੇਲੇ’ ਤੋਂ ਭਾਵ ਅਜ਼ਾਦ ਮੁਲਖ ਹੈ, ਪਰ ਇਹ ਅਜ਼ਾਦੀ ਕਿਸ ਕੀਮਤ ’ਤੇ ਮਿਲੀ? ਇਸ ਦੀ ਕੀਮਤ ਕਿੰਨ੍ਹਾਂ ਨੂੰ ਚੁਕਾਉਣੀ ਪਈ ਐ? ਜੰਮਣ-ਭੋਇੰ ਨੂੰ ਛੱਡਣ ਦੇ ਦੁੱਖ, ਭਾਈਚਾਰਕ ਸਾਂਝ ਦੇ ਟੁੱਟਣ ਅਤੇ ਹੈਵਾਨੀਅਤ ਦੇ ਨੰਗੇ-ਨਾਚ ਨੂੰ ਨਾਟਕਕਾਰ ਨੇ ਬੜੇ ਸੂਖ਼ਮ ਰੂਪ ਵਿਚ ਚਿੱਤਰਿਆ ਹੈ। ਨਾਟਕਕਾਰ ਨੇ ਆਪਣੇ ਖਿੱਤੇ ਦੀ ਬੋਲੀ ਨੂੰ ਵੀ ਵਿਸ਼ੇਸ਼ ਤਵੱਜੋ ਦਿੱਤੀ ਹੈ। ਪਾਂਧੀ ਨਨਕਾਣਵੀਂ (1991:8) ਅਨੁਸਾਰ, “ਇਸ ਨਾਟਕ ਦੀ ਬੋਲੀ, ਮੈਂ ਪਾਤਰਾਂ ਅਨੁਕੂਲ ਹੀ ਧੰਨੀ ਪੋਠੋਹਾਰ ਦੇ ਇਲਾਕੇ ਦੀ ਵਰਤੀ ਹੈ।” ਪਾਂਧੀ ਦੇ ਇਸ ਕਥਨ ਦੀ ਪ੍ਰੋੜ੍ਹਤਾ ਲਈ ਨਾਟਕ ਵਿਚ ਸਥਾਨ ਪਰਿਵਰਤਨ ਮੁਤਾਬਿਕ ਪਾਤਰਾਂ ਦੀ ਬੋਲੀ ਵਿਚ ਆਏ ਅੰਤਰ ਨੂੰ ਦੇਖਿਆ ਜਾ ਸਕਦਾ ਹੈ। ਹਥਲੇ ਪਰਚੇ ਤਹਿਤ ਅਸੀਂ ਇਸ ਨਾਟਕ ਦੀਆਂ ਸੰਵਾਦੀ ਜੁਗਤਾਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ।

ਸੰਵਾਦ, ਨਾਟ-ਰਚਨਾ ਦਾ ਮਹੱਤਵਪੂਰਨ ਤੱਤ ਹਨ। ਇਸ ਬਿਨ੍ਹਾਂ ਨਾਟਕ ਦਾ ਢਾਂਚਾ ਖੜ੍ਹਾ ਨਹੀਂ ਹੋ ਸਕਦਾ ਅਤੇ ਨਾਟ-ਵਿਧਾ ਦਾ ਇਹੀ ਤੱਤ ਇਸ ਨੂੰ ਬਾਕੀ ਸਾਹਿਤ ਰੂਪਾਂ ਨਾਲੋਂ ਵਖਰਿਆਉਂਦਾ ਵੀ ਹੈ। Rene Wellek ਅਤੇ Ausitn Warren (1956:219) ਅਨੁਸਾਰ, ਸੰਵਾਦ ਨਾਟਕ ਦੀ “Ulitmate Form” ਹੈ। ਕਿਸ਼ੋਰ ਸਾਹੂ (2016:79) ਅਨੁਸਾਰ, “ਸੰਵਾਦ ਨਾਟਕ ਦਾ ਪ੍ਰਧਾਨ ਤੱਤ ਹੈ। ਨਾਟਕਕਾਰ ਇਸ ਇਕ-ਮਾਤਰ ਜੁਗਤ ਦੇ ਸਹਾਰੇ ਨਾਟਕੀ ਵਸਤੂ ਨੂੰ ਗਤੀਸ਼ੀਲ ਕਰਨ, ਨਵੀਆਂ ਪ੍ਰਸਥਿਤੀਆਂ ਦੀ ਸੂਚਨਾ ਦੇਣ, ਪਾਤਰਾਂ ਦੇ ਚਰਿੱਤਰ ਨੂੰ ਪ੍ਰਫੁਲਿਤ ਕਰਨ, ਉਨ੍ਹਾਂ ਦੇ ਅੰਤਰ-ਦਵੰਦਾਂ ਦੀ ਪੇਸ਼ਕਾਰੀ ਕਰਨ, ਉਚਿਤ ਵਾਤਾਵਰਨ ਅਤੇ ਉਦੇਸ਼ ਨੂੰ ਪੂਰਾ ਕਰਨ ਵਿਚ ਸਫ਼ਲ ਹੁੰਦਾ ਹੈ। ਨਿਰਸੰਦੇਹ ਨਾਟਕ ਦੇ ਵਿਭਿੰਨ ਸਾਧਨਾਂ ਨੂੰ ਇਕ ਸੂਤਰ ਵਿਚ ਪਰੋ-ਕੇ ਨਾਟਕ ਦਾ ਰੂਪ ਪ੍ਰਦਾਨ ਕਰਨ ਵਾਲਾ ਅਤੇ ਨਾਟਕੀ ਸਰੀਰ ਵਿਚ ਸਜੀਵਤਾ ਦਾ ਸੰਚਾਰ ਕਰਨ ਵਾਲਾ ਇਹੀ ਇਕ-ਮਾਤਰ ਤੱਤ ਹੈ।” ਇਸ ਤਰ੍ਹਾਂ ਨਾਟ-ਰਚਨਾ ਦੀ ਸਫ਼ਲਤਾ ਸੰਵਾਦੀ ਜੁਗਤਾਂ ਉਪਰ ਹੀ ਨਿਰਭਰ ਹੁੰਦੀ ਹੈ। ਸੰਵਾਦ ਦੇ ਤਿੰਨ



(ਪੰਨੇ 84-90)
www.sanvad.org
ISSN : 2395-1273

ਮੂਲ ਤੱਤ ਮੰਨੇ ਜਾਂਦੇ ਹਨ। ਪਹਿਲਾ ਇਹ ਕਿ ਸੰਵਾਦ ਕਥਾਨਿਕ ਅਤੇ ਪਾਤਰ ਦੇ ਚਰਿੱਤਰ ਦਾ ਸਹਿਜ ਮਨੋ-ਵਿਗਿਆਨਕ ਵਿਕਾਸ ਕਰਨ ਵਿਚ ਸਹਾਇਕ ਹੋਣੇ ਚਾਹੀਦੇ ਹਨ। ਦੂਜਾ, ਇਹ ਸੁਭਾਵਿਕ, ਸੰਖੇਪ ਅਤੇ ਤਰਕ-ਯੁਕਤ ਹੋਣ ਤਾਂ ਕਿ ਇਨ੍ਹਾਂ ਦੁਆਰਾ ਵਾਸਤਵਿਕ ਸਥਿਤੀ ਪੂਰਨ ਰੂਪ ਵਿਚ ਪ੍ਰਭਾਸ਼ਿਤ ਹੋ ਸਕੇ। ਤੀਜਾ, ਇਨ੍ਹਾਂ ਵਿਚ ਸਰਲਤਾ ਹੋਣੀ ਚਾਹੀਦੀ ਤਾਂ ਕਿ ਪੜ੍ਹੇ-ਲਿਖੇ ਤੇ ਅਨਪੜ੍ਹ ਹਰ ਪ੍ਰਕਾਰ ਦੇ ਦਰਸ਼ਕ ਉਨ੍ਹਾਂ ਨੂੰ ਸਮਝ ਕੇ ਵਾਸਤਵਿਕ ਬੋਧ ਪ੍ਰਾਪਤ ਕਰ ਸਕਣ। ਇਉਂ ਛੋਟੇ, ਚੁਸਤ, ਸਰਲ ਅਤੇ ਵਿਅੰਗ ਭਰਪੂਰ ਸੰਵਾਦ ਰਚਨਾ ਨੂੰ ਰੌਚਿਕ ਬਣਾਉਂਦੇ ਹਨ ਅਤੇ ਲੰਮੇ ਸੰਵਾਦ ਪਾਠਕਾਂ/ਸਰੋਤਿਆਂ ਲਈ ਨੀਰਸ ਤੇ ਅਕਾਊ ਹੁੰਦੇ ਹਨ।

ਮਨੁੱਖੀ ਭਾਵਾਂ, ਵਿਭਾਵਾਂ ਅਤੇ ਅਨੁਭਵਾਂ ਤੋਂ ਪ੍ਰੇਰਿਤ ਸੰਵਾਦਾਂ ਦੀ ਸੰਖਿਆ ਨਹੀਂ ਮਿਥੀ ਜਾ ਸਕਦੀ। ਮਨੁੱਖੀ ਵਿਹਾਰ, ਸੂਚਨਾ, ਸਮਰਥਨ, ਵਿਰੋਧ, ਸਹਿਮਤੀ, ਸਮਾਨਤਾ, ਆਦੇਸ਼, ਉਪਦੇਸ਼, ਬੇਨਤੀ, ਹਰਸ਼, ਸ਼ੋਕ, ਉਤਸ਼ਾਹ, ਕਲੇਸ਼, ਪ੍ਰੇਮ, ਹਾਸ, ਵਿਅੰਗ ਆਦਿ ਅਨੇਕ ਭਾਵਾਂ ਨੂੰ ਵਿਅਕਤ ਕਰਨ ਵਾਲੇ ਸੰਵਾਦ ਲਗਪਗ ਹਰੇਕ ਨਾਟਕ ਵਿਚ ਪਾਏ ਜਾਂਦੇ ਹਨ।

### ਬਣੇ-ਬਣਾਏ ਸੰਵਾਦ

ਆਮ ਤੌਰ ’ਤੇ ਬਣੇ-ਬਣਾਏ ਸੰਵਾਦਾਂ ਵਿਚ ਪੇਂਡੂ ਜੀਵਨ-ਸ਼ੈਲੀ ਦੀ ਰੰਗਤ ਹੋਣ ਕਰ ਕੇ ਅਸੀਸ, ਫਿਟਕਾਰ, ਸਤਿਕਾਰ ਅਤੇ ਵਿਸਮੈਬੋਧੀ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਦਕਿ ਇਸ ਨਾਟਕ ਵਿਚ ਸਮਕਾਲੀ ਮਾਹੌਲ ਨੂੰ ਧਿਆਨ ਵਿਚ ਰੱਖ ਕੇ ਨਾਟਕਕਾਰ ਦੁਆਰਾ ਡਰ/ਸਹਿਮ ਨਾਲ ਜੁੜੇ ਸੰਵਾਦਾਂ ਦੀ ਰਚਨਾ ਵੀ ਕੀਤੀ ਹੈ; ਜਿਵੇਂ:

ਆਸਾ ਸਿੰਘ : ਪ੍ਰਮੇਸ਼ਰ ਨਾ ਕਰੇ ! (ਪੰਨਾ : 17)

ਆਸਾ ਸਿੰਘ : ਓਏ ਤੈਂਡ੍ਹਾ ਬੇੜਾ ਡੁਬ ਵੰਜੇ (ਪੰਨਾ : 19)

### ਅਪੂਰਨ ਸੰਵਾਦ

ਨਾਟਕ ਵਿਚ ਸਰੋਤੇ/ਪਾਠਕ ਦੀ ਉਤਸੁਕਤਾ ਨੂੰ ਬਣਾਈ ਰੱਖਣ ਲਈ ਨਾਟਕਕਾਰ ਅਧੂਰੇ ਸੰਵਾਦਾਂ ਦੀ ਵਰਤੋਂ ਕਰਦਾ ਹੈ। ਇਨ੍ਹਾਂ ਸੰਵਾਦਾਂ ਰਾਹੀਂ ਨਾਟਕਕਾਰ ਤਣਾਓ ਅਤੇ ਲਮਕਾ ਦੀ ਸਿਰਜਣਾ ਕਰਦਾ ਹੈ। ਅਧੂਰੇ ਸੰਵਾਦਾਂ ਨੂੰ ਬਿੰਦੂਆਂ ਦੁਆਰਾ ਚਿੰਨ੍ਹਤ ਕੀਤਾ ਜਾਂਦਾ ਹੈ। ਸਥਿਤੀ ਅਤੇ ਸੰਦਰਭ ਅਨੁਸਾਰ ਇਨ੍ਹਾਂ ਸੰਵਾਦਾਂ ਦੀ ਅੱਗੋਂ ਸ਼੍ਰੇਣੀ ਵੰਡ ਵੀ ਕੀਤੀ ਜਾ ਸਕਦੀ ਹੈ। ਨਾਟਕਕਾਰ ਦੁਆਰਾ ਚਰਚਿਤ ਨਾਟਕ ਵਿਚ ਅਪੂਰਨ ਸੰਵਾਦਾਂ ਦੀ ਵਰਤੋਂ ਲਮਕਾ ਅਤੇ ਦਿਲਚਸਪੀ ਨੂੰ ਬਣਾਈ ਰੱਖਣ ਲਈ ਕੀਤੀ ਹੈ:

**ਮੁੱਢ ਅਪੂਰਨ**

ਗੋਕਲ ਚੰਦ : ਹਿੰਦੁਸਤਾਨ ਕਿੰਨ੍ਹੇ ਵੇਖਣਾ ਏਂ? (ਪੰਨਾ : 19)

**ਮੱਧ ਅਪੂਰਨ**

ਗੋਕਲ ਚੰਦ : ਆਹੋ ਆਸਾ ਸਿੰਘਾ... ਪਿਛਲੇਰੇ ਮਹੀਨੇ ਮੰਗਵਾਇਆ ਸੀ। (ਪੰਨਾ : 16)

**ਅੰਤ ਅਪੂਰਨ**

ਗੋਕਲ ਚੰਦ : ਪੂਰੇ ਤ੍ਰੈ ਸਾਲ ਹੋ ਗਏ ਨੇ ... (ਪੰਨਾ : 66)

### ਛੋਟੇ ਸੰਵਾਦ

ਪਾਂਧੀ ਨਨਕਾਣਵੀ ਦੇ ਨਾਟਕ **ਰਾਤ ਵੇਲੇ ਸਰਘੀ ਵੇਲੇ** ਵਿਚ ਛੋਟੇ, ਭਾਵ-ਪੂਰਤ, ਤੇਜ਼ ਗਤੀ ਵਾਲੇ ਅਤੇ ਸਥਿਤੀ ਦੇ ਅਨੁਕੂਲ ਵਾਰਤਾਲਾਪ ਵੀ ਮਿਲਦੇ ਹਨ। ਇਹ ਛੋਟੇ-ਛੋਟੇ ਸੰਵਾਦ ਹਲਕੇ-ਫੁਲਕੇ ਅਤੇ ਵਿਆਪਕ ਅਰਥਾਂ ਦਾ ਪ੍ਰਗਟਾਵਾ ਕਰਦੇ ਹਨ :

ਆਸਾ ਸਿੰਘ : (ਭਰੇ ਹੋਏ ਗਲੇ ਨਾਲ) ਡਾਹਢਾ ਕਹਿਰ ਹੋਇਐ ਭਾਈਆ,
ਜੈਰਾਮ ਸ਼ਾਹ ਸ਼ੋਹਦਾ ਮਾਰਿਐ ਗਿਐ।

ਗੋਕਲ ਚੰਦ : (ਬਣਾਉਟੀ ਘਬਰਾਹਟ ਨਾਲ) ਹੈਂ? ਲਾਲਾ ਮ੍ਹੈਂਡਾ? ਹੈਂ? ਤੈਨੂੰ ਕਿਸਨੇ ਦਸਿਐ?
(ਪੰਨਾ : 31)

ਉਪਰੋਕਤ ਸੰਵਾਦਾਂ ਵਿਚ ਇਕ ਪਾਤਰ ਪ੍ਰਸ਼ਨ ਕਰਦਾ ਹੈ ਤੇ ਦੂਸਰਾ ਪਾਤਰ ਉਸੇ ਸੁਰ ਵਿਚ ਉੱਤਰ ਦਿੰਦਾ ਹੈ। ਇਕ ਸ਼ਬਦ ਵਿਚ ਹੀ ਪੂਰਨ ਸੰਵਾਦ ਬੋਲਿਆ ਜਾਂਦਾ ਹੈ। ਜਿਸ ਦਾ ਜਵਾਬ ਨਵੇਂ ਛੋਟੇ ਸੰਵਾਦ ਵਿਚ ਦਿੱਤਾ

ਜਾਂਦਾ ਹੈ। ਨਾਟਕਕਾਰ ਇਨ੍ਹਾਂ ਸੰਵਾਦਾਂ ਦੀ ਵਰਤੋਂ ਕਥਾ ਵਸਤੂ ਨੂੰ ਗਤੀਸ਼ੀਲ ਬਣਾਉਣ, ਪਾਤਰਾਂ ਦੇ ਕਾਰਜ-ਵਿਹਾਰ ਨੂੰ ਸਪੱਸ਼ਟ ਕਰਨ ਅਤੇ ਜ਼ਹਿਰੀਲੇ ਵਾਤਾਵਰਨ ਨੂੰ ਹੋਰ ਤਿੱਖੇ ਰੂਪ ਵਿਚ ਉਜਾਗਰ ਕਰਨ ਲਈ ਕਰ ਰਿਹਾ ਹੈ। ਇਨ੍ਹਾਂ ਨੂੰ ਪ੍ਰਸ਼ਨ-ਉਤਰੀ ਸ਼ੈਲੀ ਵਾਲੇ ਸੰਵਾਦ ਵੀ ਕਿਹਾ ਜਾ ਸਕਦਾ ਹੈ।

### ਲੰਮੇ ਸੰਵਾਦ

ਲੰਮੇ ਸੰਵਾਦਾਂ ਦੀ ਸਿਰਜਣਾ ਸਭਿਆਚਾਰਕ ਪਿਛੋਕੜ, ਭਾਈਚਾਰਕ ਸਾਂਝ ਅਤੇ ਸਮਕਾਲੀ ਸਥਿਤੀਆਂ ਨੂੰ ਉਭਾਰਨ ਲਈ ਕੀਤੀ ਗਈ ਹੈ। ਇਸ ਨਾਟਕ ਦੇ ਪਾਤਰ ਗੋਕਲ ਚੰਦ, ਆਸਾ ਸਿੰਘ, ਕਾਦਰ ਬਖ਼ਸ਼ ਅਤੇ ਬਾਗ਼ੀ ਲੰਮੇ-ਲੰਮੇ ਸੰਵਾਦ ਉਚਾਰਦੇ ਹਨ। ਉਦਾਹਰਨ ਵਜੋਂ ਕਾਦਰ ਬਖ਼ਸ਼ ਦਾ ਸੰਵਾਦ:

ਕਾਦਰ ਬਖ਼ਸ਼ : ਗੁੰਡਿਆਂ, ਬਦਮਾਸ਼ਾਂ ਨੂੰ ਅਜੇਹੇ ਮੌਕੇ ਰਬ ਦੇਵੇ, ਸ਼ਾਹ।
ਖ਼ੂਬ ਹੱਥ ਰੰਗੇ ਨੇ ਲੋਕਾਂ। ਕੇ ਦਸਾਂ, ਅਗੇ ਲੋਕ, ਗਰਾਂ
ਦੀਆਂ ਤ੍ਰੀਮਤਾਂ ਨੂੰ ਮਾਂ, ਭੈਣ, ਭਰਜਾਈ, ਧੀ ਦੇ ਨਾਂ ਨਾਲ
ਯਾਦ ਕਰੇਂਦੇ ਤੇ ਵਰਤ ਵਰਤਾਵਾ ਵੀ ਕਰੇਂਦੇ ਸਨ .
ਪਰ ਅਜੇਹੀ ਮੱਤ ਮਾਰੀ ਗਈ ਏ ਲੋਕਾਂ ਦੀ, ਪਈ ਲੁੱਟ
ਵੇਲੇ, ਕਿਸੇ ਮਾਂ ਨਹੀਂ ਤੱਕੀ, ਭੈਣ ਨਹੀਂ ਤੱਕੀ, ਧੀ
ਧਿਆਣੀ ਨਹੀਂ ਤੱਕੀ . ਬਸ, ਸਭਨਾਂ 'ਚੋਂ ਜੇ ਕੁਝ
ਤਕਿਆ ਏ, ਤਾਂ ਹਿੱਕ ਜਨਾਨੀ ਦੀ ਸ਼ਕਲ ਹੀ ਤੱਕੀ
ਨੇ ਵਿਚਾਰੀਆਂ ਗਰਾਂ ਦੀਆਂ ਤ੍ਰੀਮਤਾਂ ਆਪਣੀ ਬੇ-ਪਤੀ
ਤੋਂ ਡਰਦਿਆਂ ਕਈ ਸ਼ੋਹਦੀਆਂ ਤਾਂ ਖੂਹਾਂ 'ਚ ਹੀ ਛਾਲਾਂ
ਮਾਰ ਗਈਆਂ ਨੇ, ਓ-ਹੋ-ਤੇ ਕਈਆਂ ਨੂੰ ਖਤਰੀਆਂ
ਆਪ ਮਾਰ ਮੁਕਾਇਆ ਏ ਖ਼ਾਨਦਾਨਾਂ ਦੇ ਖ਼ਾਨਦਾਨ
ਤਬਾਹ ਹੋ ਗਏ ਨੇ ਸ਼ਾਹ, ਕੇ ਦਸੀਏ? ਅਲਾਹ ਹੀ ਸਾਡੇ
ਗੁਨਾਹ ਬਖ਼ਸ਼ੇ। ਖ਼ਬਰੇ ਬਖ਼ਸ਼ੇ ਗਾ ਵੀ ਕਿ ਨਹੀਂ? (ਪੰਨਾ : 37)

ਮਜ਼ਹਬੀ, ਨਸਲੀ, ਸਵਾਰਥੀ ਮਨਸੂਬਿਆਂ ਦੀ ਪੂਰਤੀ ਲਈ ਲੁਟੇਰਿਆਂ ਨੇ ਮਾਸੂਮਾਂ ਤੇ ਖ਼ਾਸ ਕਰ ਔਰਤਾਂ ਨੂੰ ਆਪਣੀ ਨਫ਼ਰਤ ਦਾ ਸ਼ਿਕਾਰ ਬਣਾਇਆ ਹੈ। ਫ਼ਿਰਕੂਪੁਣੇ ਦੀ ਅੱਗ ਨੇ ਬੰਦੇ ਦੇ ਬੰਦਾ ਹੋਣ ਤੋਂ ਹੀ ਯਕੀਨ ਚੁੱਕ ਦਿੱਤਾ। ਬੰਦੇ ਅੰਦਰ ਐਸੀ ਹੈਵਾਨੀਅਤ ਵੀ ਹੋ ਸਕਦੀ ਹੈ? ਨਾਟਕਕਾਰ ਨੇ ਕਾਦਰ ਬਖਸ਼ ਪਾਤਰ ਦੇ ਸੰਵਾਦ ਰਾਹੀਂ ਇਸ ਗੱਲ ਉਤੇ ਹੀ ਚਿੰਤਾ ਪ੍ਰਗਟਾਈ ਹੈ। ਨਾਟਕਕਾਰ ਨੇ ਇਸ ਸੰਵਾਦ ਰਾਹੀਂ ਵੰਡ ਦੇ ਫ਼ਿਰਕੂ ਵਾਤਾਵਰਨ ਦਾ ਵੀ ਚਿਤਰਨ ਕੀਤਾ ਹੈ। ਇਸ ਲੰਮੇ ਸੰਵਾਦ ਵਿਚ ਪਾਤਰ ਕਾਦਰ ਬਖਸ਼ ਲਗਾਤਾਰ ਬੋਲਦਾ-ਬੋਲਦਾ ਕਦੇ ਭੂਤਕਾਲ ਵਿਚ ਚਲਾ ਜਾਂਦਾ ਹੈ, ਕਦੇ ਵਰਤਮਾਨ ਕਾਲ ਵਿਚ ਵਾਪਸ ਆ ਜਾਂਦਾ ਹੈ ਅਤੇ ਕਦੇ ਭਵਿੱਖ ਦੀਆਂ ਗੱਲਾਂ ਕਰਨ ਲੱਗਦਾ ਹੈ। ਪਾਤਰ ਕਾਦਰ ਬਖ਼ਸ਼ ਵੰਡ ਕਾਰਨ ਪੈਦਾ ਹੋਏ ਹਲਾਤਾਂ ਦੀ ਤਸਵੀਰਕਸੀ ਪੇਸ਼ ਕਰਦਾ ਹੈ।

### ਵਿਰੋਧੀ ਸੰਵਾਦ

ਵਿਰੋਧੀ ਸੰਵਾਦਾਂ ਦੇ ਅੰਤਰਗਤ ਨਾਟਕਕਾਰ ਨੇ ਮੁੱਖ ਪਾਤਰ ਗੋਕਲ ਚੰਦ, ਆਸਾ ਸਿੰਘ ਅਤੇ ਬਾਗ਼ੀ ਦੇ ਦੇਸ਼ ਦੀ ਅਜ਼ਾਦੀ ਪ੍ਰਤੀ ਵਿਚਾਰਿਕ ਮੱਤਭੇਦਾਂ ਨੂੰ ਪੇਸ਼ ਕੀਤਾ ਹੈ:

ਗੋਕਲ ਚੰਦ : ਮੈਂ ਤੇ ਅਖੇਨਾਂ, ਕੇ ਖੁੜਿਆ ਪਿਐ ਅਜੇਹੀ ਆਜ਼ਾਦੀ-
ਖੁਣੋਂ ਜੇ ਲੱਖਾਂ ਲੋਕਾਂ ਨੂੰ ਆਪਣਾ ਘਰ ਬ੍ਹਾਰ ਕਾਰੋਬਾਰ
ਆਪਣੀਆਂ ਜ਼ਿਮੀਆਂ ਜਾਇਦਾਦਾਂ ਤੋਂ ਹੱਥ ਧੋਣਾ ਪਿਆ
ਤਾਂ? ਅੰਗਰੇਜ਼ਾਂ ਦਾ ਰਾਜ ਵੱਤ ਕੇ ਮਾੜਾ ਏ? ਹਰ ਜਣਾ
ਖ਼ੁਸ ਏ । ਮੌਜਾਂ ਪਿਆ ਕਰੇਂਦੈ।

ਆਸਾ ਸਿੰਘ : ਉਹ ਜਾਣੇ, ਭਾਈਆ ਗੁਲਾਮੀ ਦੀ ਸਾਰੀ ਨਾਲੋਂ
ਆਜ਼ਾਦੀ ਦੀ ਅੱਧੀ ਚੰਗੀ ਏ। (ਪੰਨਾ : 20)

ਘੁੱਗ ਵਸਦੇ ਲੋਕਾਂ ਨੂੰ ਜਦੋਂ ਆਪਣੇ ਘਰ-ਬਾਰ, ਕੰਮ-ਕਾਰ, ਜ਼ਮੀਨ-ਜਾਇਦਾਦ ਛੱਡ ਉਜੜਨਾ ਪਿਆ


www.sanvad.org
ISSN : 2395-1273

ਤਾਂ ਸਿਰਫ਼ ਉਨ੍ਹਾਂ ਦੀ ਹਉਂ ਹੀ ਨਹੀਂ ਸੀ ਕੁਚਲੀ ਗਈ ਬਲਕਿ ਉਨ੍ਹਾਂ ਦੀ ਪਛਾਣ ਵੀ ਗੁਆਚ ਗਈ ਸੀ। ਉਜੜੇ ਲੋਕਾਂ ਕੋਲ ਨਾ ਘਰ ਸੀ ਨਾ ਹੀ ਧਨ। ਹੱਥ ਖ਼ਾਲੀ, ਦਿਲ ਸੱਖਣੇ ਤੇ ਚਿਹਰੇ ਉਦਾਸ। ਓਧਰ ਕੁਝ ਨਹੀਂ ਰਿਹਾ ਤੇ ਏਧਰ ਉਨ੍ਹਾਂ ਨੂੰ ਕੋਈ ਨਹੀਂ ਸੀ ਪਛਾਣਦਾ। ਅਜਿਹੇ ਦੁਖਾਂਤ ਕਰਕੇ ਉਸਨੂੰ ਅਜ਼ਾਦੀ ਦੇ ਅਰਥ ਵੀ ਸਮਝ ਨਹੀਂ ਆ ਸਕਦੇ, ਤਾਂ ਹੀ ਨਾਟਕਕਾਰ ਨੇ ਗੋਕਲ ਚੰਦ ਦੇ ਰਾਹੀਂ ਅਜਿਹੇ ਸੰਵਾਦ ਸਿਰਜੇ ਹਨ। ਅਜਿਹੇ ਮੌਕੇ ਉਤੇ ਪਾਤਰ ਬਹੁਤ ਹੀ ਅਤਿ-ਭਾਵੁਕ ਸਥਿਤੀ ਵਿਚ ਵੀ ਨਜ਼ਰ ਆਉਂਦਾ ਹੈ। ਇਸੇ ਕਰਕੇ ਪਾਤਰਾਂ ਦੀ ਉਚਾਰਨ ਗਤੀ ਤੇਜ਼ ਅਤੇ ਸੁਰ ਉੱਚ-ਪੱਧਰੀ ਹੁੰਦੀ ਹੈ। ਇਹ ਸੰਵਾਦ ਨਾਟਕ ਦੀ ਗਤੀ ਨੂੰ ਤੇਜ਼ ਕਰਨ ਦੇ ਨਾਲ ਦਰਸ਼ਕਾਂ ਵਿਚ ਰੌਚਿਕਤਾ ਨੂੰ ਵੀ ਵਧਾਉਂਦੇ ਹਨ।

### ਵਿਅੰਗਾਤਮਿਕ ਸੰਵਾਦ

ਇਸ ਨਾਟਕ ਦਾ ਮੁੱਖ ਪਾਤਰ ਗੋਕਲ ਚੰਦ ਵਪਾਰਕ ਗਤੀ-ਵਿਧੀਆਂ ਨਾਲ ਸਬੰਧਿਤ ਹੈ। ਵੰਡ ਕਰਕੇ ਆਪਣੀ ਜੰਮਣ ਭੋਂਇੰ ਛੱਡਣ ਦਾ ਵੈਰਾਗ ਅਤੇ ਨਾਲ ਹੀ ਪੁਸ਼ਤ-ਦਰ-ਪੁਸ਼ਤ ਚੱਲੇ ਆ ਰਹੇ ਕੰਮ-ਧੰਦਿਆਂ ਦੇ ਖੁੱਸ ਜਾਣ ਕਰ ਕੇ ਉਸ ਦੀ ਅਵਚੇਤਨੀ ਪੱਧਰ ਉਪਰ ਅਜਿਹੀ ਤੋੜ-ਭੰਨ ਹੋਈ ਹੈ, ਜੋ ਉਸ ਦਾ ਸੁੱਖ-ਚੈਨ ਹੀ ਖੋਹ ਕੇ ਲੈ ਗਈ ਹੈ; ਜਿਵੇਂ:

ਗੋਕਲ ਚੰਦ : ਮੈਨੂੰ ਤਾਂ ਆਪੂੰ ਰਾਤੀ ਨੀਂਦਰ ਨਹੀਂ ਪਈ ਪੈਂਦੀ।

ਆਸਾ ਸਿੰਘ : (ਹਸਦਾ ਹੋਇਆ) ਹੱਟੀ ਦੀ ਚਿੰਤਾ ਨਾਲ ਕਿ ? (ਪੰਨਾ : 25)

ਨਾਟਕਕਾਰ ਨੇ ਅਜਿਹੇ ਸੰਵਾਦ ਦੀ ਸਿਰਜਣਾ ਕਰਨ ਵੇਲੇ ਸੰਖੇਪ, ਚੁਸਤ, ਗਤੀਸ਼ੀਲ ਅਤੇ ਵਿਅੰਗਮਈ ਸ਼ੈਲੀ ਦਾ ਸਹਾਰਾ ਲਿਆ ਹੈ। ਅਜਿਹੇ ਸੰਵਾਦਾਂ ਦੁਆਰਾ ਨਾਟਕਕਾਰ ਇਕ ਪਾਸੇ ਮੌਜੂਦਾ ਸਮੇਂ ਦੀਆਂ ਸਮਾਜਕ ਅਤੇ ਰਾਜਨੀਤਕ ਸਥਿਤੀਆਂ 'ਤੇ ਤਨਜ਼ ਕੱਸਦਾ ਹੈ ਅਤੇ ਦੂਜੇ ਪਾਸੇ ਪਾਤਰਾਂ ਦੁਆਰਾ ਟਿੱਚਰ ਦੇ ਰੂਪ ਵਿਚ ਇਕ-ਦੂਜੇ ਉੱਤੇ ਬੌਧਿਕ ਚੋਟ ਵੀ ਕਰਦਾ ਹੈ।

### ਉਪਮਾ ਅਧਾਰਿਤ ਸੰਵਾਦ

ਇਹ ਸੰਵਾਦ ਉਪਮਾ ਅਲੰਕਾਰ ਉਪਰ ਅਧਾਰਿਤ ਹੁੰਦੇ ਹਨ। ਅਜਿਹੇ ਸੰਵਾਦਾਂ ਵਿਚ ਇਕੋ-ਜਿਹੇ ਗੁਣ/ਦੋਸ਼/ਲੱਛਣ ਆਦਿ ਰੱਖਣ ਵਾਲੀਆਂ ਵਸਤੂਆਂ/ਵਰਤਾਰਿਆਂ ਦੀ ਮਿਸਾਲ ਦਿੱਤੀ ਜਾਂਦੀ ਹੈ। ਹਥਲੇ ਨਾਟਕ ਵਿਚ ਉਪਮਾ ਅਧਾਰਿਤ ਸੰਵਾਦਾਂ ਦੇ ਅੰਤਰਗਤ ਨਾਟਕਕਾਰ ਨੇ ਆਪਣੇ ਪਾਤਰਾਂ ਅਤੇ ਸਥਿਤੀਆਂ ਦੀ ਤੁਲਨਾ ਲਈ ਰੁੱਖਾਂ, ਇਤਿਹਾਸਿਕ ਤੱਥਾਂ ਅਤੇ ਭਾਈਚਾਰਿਕ ਸਾਂਝ ਨਾਲ ਸਬੰਧਿਤ ਉਪਮਾਨਾਂ ਦੀ ਵਰਤੋਂ ਕੀਤੀ ਗਈ ਹੈ:

ਗੋਕਲ ਚੰਦ : ਹਿੰਜ ਦਿਸਦੈ ਜਿਵੇਂ ਅਬਦਾਲੀ ਦੀਆਂ ਫ਼ੌਜਾਂ ਲੰਘੀਆਂ ਹੋਵਣ। (ਪੰਨਾ : 37)

ਇਹ ਸੰਵਾਦ ਬੰਦੇ ਦੇ ਸਮੂਹਕ ਅਵਚੇਤਨ ਉਤੇ ਉਕਰੀ ਪਈ ਕਈ ਸਦੀਆਂ ਪੁਰਾਣੀ ਤਸਵੀਰ ਨੂੰ ਪੁਨਰ ਸੁਰਜੀਤ ਕਰਦਾ ਹੈ।

### ਦ੍ਰਿਸ਼ਟਾਂਤ ਅਧਾਰਿਤ ਸੰਵਾਦ

ਲੋਕ ਸਿਆਣਪਾਂ ਕਿਸੇ ਕੌਮ ਦਾ ਬੜਾ ਕੀਮਤੀ ਸਰਮਾਇਆ ਹੁੰਦੀਆਂ ਹਨ। ਮਹਾਨ ਸਾਹਿਤਕਾਰ ਉਹੀ ਹੁੰਦਾ ਹੈ ਜੋ ਸਥਿਤੀ ਜਾਂ ਆਪਣੀ ਰਚਨਾ ਦੀਆਂ ਲੋੜਾਂ ਮੁਤਾਬਿਕ ਇਨ੍ਹਾਂ ਦੀ ਸੁਚੱਜੀ ਵਰਤੋਂ ਕਰੇ। ਇਸ ਜੁਗਤ ਨਾਲ ਜ਼ਿੰਦਗੀ ਦੇ ਵੱਡੇ ਤੋਂ ਵੱਡੇ ਸੱਚ ਤੇ ਕਿਸੇ ਡੂੰਘੀ ਰਮਜ਼ ਨੂੰ ਪੇਸ਼ ਕਰਨ ਵਿਚ ਸੌਖ ਰਹਿੰਦੀ ਹੈ। **ਰਾਤ ਵੇਲੇ ਸਰਘੀ ਵੇਲੇ** ਨਾਟਕ ਵਿਚ 1947 ਦੀ ਦਾਸਤਾਨ ਕਾਰਨ ਪੈਦਾ ਹੋਏ ਹਲਾਤਾਂ ਨੂੰ ਨਾਟਕਕਾਰ ਦ੍ਰਿਸ਼ਟਾਤ ਅਧਾਰਿਤ ਸੰਵਾਦਾਂ ਦੁਆਰਾ ਪੇਸ਼ ਕਰਦਾ ਵੀ ਨਜ਼ਰ ਆਉਂਦਾ ਹੈ; ਜਿਵੇਂ:

ਆਸਾ ਸਿੰਘ : ਭਾਈਆ, ਲੋਕ ਡਾਹਢੇ ਸਿਆਣੇ ਹੋ ਗਏ ਨੇ ਅੱਜਕਲ੍ਹ।
ਹਵਾ ਦਾ ਰੁਖ਼ ਵੇਖ ਕੇ ਹੀ ਕੰਮ ਕਾਰ ਕਰੇਂਦੇ ਨੇ, ਪਰ ਤੂੰ ਤਾਂ ਨਿਰਾ ਪੁਰਾ ਬੁਧੂ ਈ ਨਿਕਲਿਆ- (ਪੰਨਾ : 17)

ਗੋਕਲ ਚੰਦ : ਪੈਸਾ ਤਾਂ ਸੌਹਰੀ ਦਾ, ਫੇਰ ਵੀ ਕਾਮਇਆ ਜਾ ਸਕਦੈ, ਬੰਦਾ ਤੇ ਨਾ ਲਖੀਂ, ਨਾ ਕਰੋੜੀਂ? (ਪੰਨਾ : 25)

### ਕਾਵਿਕ ਸੰਵਾਦ

ਨਾਟਕੀ ਸਾਹਿਤ ਵਾਰਤਕ-ਭਾਸ਼ਾ ਨਾਲੋਂ ਕਾਵਿਕ-ਭਾਸ਼ਾ ਨਾਲ ਜ਼ਿਆਦਾ ਨੇੜਤਾ ਰੱਖਦਾ ਹੈ। ਕਾਵਿਕ-ਭਾਸ਼ਾ ਹੀ ਪਾਤਰਾਂ ਦੇ ਜਜ਼ਬਿਆਂ ਨੂੰ ਟੁੰਬਣ ਦੇ ਸਮਰੱਥ ਹੁੰਦੀ ਹੈ। ਭਾਵੁਕ ਸਥਿਤੀ ਵਿਚ ਚਿੰਨ੍ਹਾਂ, ਪ੍ਰਤੀਕਾਂ, ਬਿੰਬਾਂ ਨਾਲ ਬਹੁ-ਪਰਤੀ, ਬਹੁ-ਦਿਸ਼ਾਵੀਂ, ਸੰਜਮ-ਮਈ ਅਤੇ ਅਰਥ-ਭਰਪੂਰ ਸ਼ਬਦਾਂ ਦੀ ਚੋਣ ਦੁਆਰਾ ਕਾਵਿ-ਮਈ ਸੰਵਾਦ ਰਚੇ ਜਾਂਦੇ ਹਨ। ਨਾਟਕ ਵਿਚਲੀ ਕਾਵਿਕਤਾ ਖ਼ਾਸ ਲੈਅ ਵਿਚ ਵੀ ਬੱਝੀ ਹੁੰਦੀ ਹੈ। ਲੈਅ ਨਾਟਕੀ ਰਚਨਾ ਦਾ ਸਭ ਤੋਂ ਮਹੱਤਵਪੂਰਨ ਪੱਖ ਹੈ। ਨਾਟਕ ਦਾ ਹਰ ਕਾਰਜ ਲੈਅ ਵਿਚ ਬੱਝਿਆ ਹੁੰਦਾ ਹੈ। ਗੋਵਿੰਦ ਚਾਤਕ (1994:135) ਅਨੁਸਾਰ, 'ਨਾਟਕ ਵਿਚ ਲੈਅ ਦਾ ਇਕ ਪੱਖ ਭਾਸ਼ਾ ਜਾਂ ਸੰਵਾਦ ਉੱਤੇ ਨਿਰਭਰ ਹੁੰਦਾ ਹੈ, ਦੂਜਾ ਭਾਵ ਦੀਆਂ ਇਕਾਈਆਂ ਉੱਤੇ ਅਤੇ ਤੀਜਾ ਆਂਗਿਕ ਕਿਰਿਆਵਾਂ ਉੱਤੇ। ਸੰਪੂਰਨ ਨਾਟਕ ਅਤੇ ਰੰਗ-ਪੇਸ਼ਕਾਰੀ ਦੇ ਢਾਂਚੇ ਦੀ ਵੀ ਆਪਣੀ ਇਕ ਲੈਅ ਹੁੰਦੀ ਹੈ। ਜਿਥੋਂ ਤਕ ਸੰਵਾਦ ਦੀਆਂ ਵਿਆਕਰਨਿਕ ਇਕਾਈਆਂ ਦਾ ਪ੍ਰਸ਼ਨ ਹੈ, ਉਨ੍ਹਾਂ ਦੀ ਲੈਅ ਜਦੋਂ ਸੰਪੂਰਨ ਨਾਟਕ ਦੀ ਲੈਅ ਦਾ ਅੰਗ ਬਣ ਜਾਂਦੀ ਹੈ ਤਾਂ ਸੰਬੋਧਕ-ਸੰਬੋਧ, ਚਰਿੱਤਰ ਅਤੇ ਕਾਰਜ ਦੇ ਸਬੰਧਾਂ ਨੂੰ ਹੀ ਉਜਾਗਰ ਨਹੀਂ ਕਰਦੀ, ਸਗੋਂ ਜੀਵਨ ਦੇ ਜੀਵੰਤ ਬਿੰਬ ਨੂੰ ਵੀ ਉਭਾਰਦੀ ਹੈ।' ਲੈਆਤਮਿਕ ਸੰਵਾਦਾਂ ਵਿਚ ਪਾਤਰਾਂ ਦੁਆਰਾ ਸੰਵਾਦ ਨੂੰ ਲਗਾਤਾਰ ਇਕੋ ਸੁਰ ਵਿਚ ਉਚਾਰਿਆ ਜਾਂਦਾ ਹੈ। ਇਨ੍ਹਾਂ ਸੰਵਾਦਾਂ ਵਿਚ ਕਵਿਤਾ ਵਾਂਗ ਤੁਕਾਂਤਿਕ ਮੇਲ ਹੁੰਦਾ ਹੈ। ਨਾਟਕਕਾਰ ਦੁਆਰਾ ਸਿਰਜੇ ਗਏ ਲੈਆਤਮਿਕ ਸੰਵਾਦਾਂ ਦੀ ਸੁਰ ਸੰਗੀਤਮਈ ਹੈ। ਉਹ ਇਨ੍ਹਾਂ ਸੰਵਾਦਾਂ ਦੁਆਰਾ ਆਪਣੇ ਪਾਤਰਾਂ ਨੂੰ ਅਜ਼ਾਦ ਸੋਚ, ਇਨਸਾਨੀਅਤ ਅਤੇ ਨੈਤਿਕਤਾ ਦਾ ਪਾਠ ਪੜ੍ਹਾਉਂਦਾ ਨਜ਼ਰ ਆਉਂਦਾ ਹੈ; ਜਿਵੇਂ:

ਆਸਾ ਸਿੰਘ : "ਬੰਦੀਜਨ ਦੇ ਹਲੂਏ ਨਾਲੋਂ,
ਟੁੱਕੜੇ ਭਲੇ ਫਕੀਰਾਂ ਦੇ।
ਖੀਰਾਂ ਨਾਲ ਭਰੇ ਕਿਸ ਕਾਰੇ
ਮੁਖੜੇ ਦਿਲ ਦਿਲਗੀਰਾਂ ਦੇ।
ਕਰ ਗੁਜ਼ਰਾਨ ਸੰਵਤਰਤਾ ਵਿਚ
ਪਹਿਨ ਗੋਦੜੇ ਲੀਰਾਂ ਦੇ।" (ਪੰਨਾ : 50)

### ਪਾਤਰ ਅਨੁਕੂਲ ਸੰਵਾਦ

ਅਜਿਹੇ ਸੰਵਾਦਾਂ ਦੀ ਰਚਨਾ ਨਾਟਕਕਾਰ ਦੁਆਰਾ ਪਾਤਰਾਂ ਦੀ ਯੋਗਤਾ ਅਤੇ ਕਰਮ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਂਦੀ ਹੈ, ਜਿਸ ਨਾਲ ਪਾਤਰ ਸੁਭਾਵਿਕਤਾ ਦੇ ਧਾਰਨੀ ਬਣਦੇ ਹਨ। ਸੰਵਾਦ ਦੌਰਾਨ ਪਾਤਰ ਦੇ ਗੁਣ, ਔਗੁਣ, ਆਦਤਾਂ ਅਤੇ ਸਰੀਰਕ ਵਿਸ਼ੇਸ਼ਤਾਵਾਂ ਤੇ ਊਣਤਾਈਆਂ ਵੀ ਉਜਾਗਰ ਹੁੰਦੀਆਂ ਹਨ। ਸਿੱਧਨਾਥ ਕੁਮਾਰ (1978:150) ਅਨੁਸਾਰ, 'ਸੰਵਾਦਾਂ ਦੀ ਪਾਤਰ ਅਨੁਕੂਲਤਾ ਬੋਲਣ ਵਾਲੇ ਦੇ ਵਿਅਕਤੀਗਤ ਸੰਦਰਭਾਂ ਨਾਲ ਸਬੰਧਿਤ ਹੁੰਦੀ ਹੈ। ਅਸੀਂ ਸਾਰੇ ਇਕ ਹੀ ਭਾਸ਼ਾ ਬੋਲਦੇ ਹਾਂ ਪਰ ਵਿਅਕਤੀਗਤ ਗੁਣਾਂ ਕਾਰਨ ਸ਼ਬਦ ਯੋਜਨਾ, ਲੈਅ, ਗਤੀ, ਬਲ ਆਦਿ ਦੀ ਦ੍ਰਿਸ਼ਟੀ ਤੋਂ ਸਾਡੀ ਭਾਸ਼ਾ ਵੱਖਰੀ ਹੁੰਦੀ ਹੈ। ਜੇਕਰ ਨਾਟਕਕਾਰ ਆਪਣੇ ਪਾਤਰਾਂ ਦੇ ਵਿਅਕਤੀਗਤ ਗੁਣਾਂ 'ਤੇ ਧਿਆਨ ਰੱਖਦਾ ਹੈ ਤਾਂ ਉਸਦੇ ਸੰਵਾਦਾਂ ਵਿਚ ਪਾਤਰ-ਅਨੁਕੂਲਤਾ, ਵਿਸ਼ਾ-ਸੰਗਤੀ ਅਤੇ ਵਿਭਿੰਨਤਾ ਰਹੇਗੀ।' ਇਸ ਨਾਟਕ ਦੇ ਪਾਤਰ ਗੋਕਲ ਚੰਦ ਦੀ ਭਾਂਡਿਆਂ ਦੀ ਦੁਕਾਨ ਹੈ ਅਤੇ ਬਾਗ਼ੀ ਇਕ ਕ੍ਰਾਂਤੀਕਾਰੀ ਹੈ। ਨਾਟਕਕਾਰ ਨੇ ਇਨ੍ਹਾਂ ਪਾਤਰਾਂ ਦੇ ਸੰਵਾਦਾਂ ਨੂੰ ਉਨ੍ਹਾਂ ਦੇ ਕੰਮ ਅਤੇ ਸ਼ਖ਼ਸੀਅਤ ਅਨੁਸਾਰ ਹੀ ਰਚਿਆ ਹੈ; ਜਿਵੇਂ:

ਗੋਕਲ ਚੰਦ : ਲਉ ਸੈਹਬ ਜੀ, ਬੜਾ ਵਧੀਆ ਟੀ-ਸੈਟ ਜੇ। ਸਾਰੇ ਕੋਇਟੇ ਵਿਚ ਤੁਸਾਨੂੰ ਅਜੇਹਾ ਟੀ-ਸੈਟ ਨਹੀਂ ਮਿਲ ਸਕਦਾ। (ਪੰਨਾ : 30)

ਬਾਗ਼ੀ : ਇਸ ਸਰਕਾਰੀ ਮਸ਼ੀਨਰੀ ਦਾ ਦਿਮਾਗ਼-ਅਜੇ ਆਜ਼ਾਦ ਨਹੀਂ ਹੋਇਆ। ਇਹਨਾਂ ਦਾ ਦਿਮਾਗ਼ ਦਰੁੱਸਤ ਕਰਨ ਲਈ ਮੈਂ ਚਾਹੁੰਨਾ-ਪਈ ਸਭ ਰੀਫੀਊਜੀ ਇਕ ਪਲੇਟ-ਫਾਰਮ ਤੇ ਇਕੱਠੇ ਹੋ ਜਾਣ, ਤਾਂ ਜੋ ਇਕ ਆਵਾਜ਼ ਬਣ ਕੇ ਆਪਣੇ ਹਕੂਕ ਹਾਸਲ ਕਰ ਸਕਣ। 'ਰੀਫੀਊਜੀ ਇਤਿਹਾਦ-ਜ਼ਿੰਦਾਬਾਦ।' (ਪੰਨਾ : 76)

### ਮਨੋਬਚਨੀ ਸੰਵਾਦ

ਮਨੋਬਚਨੀ ਸੰਵਾਦਾਂ ਦੀ ਵਰਤੋਂ ਪਾਤਰ ਦੀ ਮਾਨਸਿਕਤਾ ਨੂੰ ਪ੍ਰਗਟਾਉਣ ਲਈ ਕੀਤੀ ਜਾਂਦੀ ਹੈ। ਇਨ੍ਹਾਂ ਸੰਵਾਦਾਂ ਨੂੰ ਉਚਾਰਨ ਸਮੇਂ ਪਾਤਰ/ਅਦਾਕਾਰ ਆਪਣੇ ਆਪ ਨਾਲ ਹੀ ਗੱਲਾਂ ਕਰ ਰਿਹਾ ਹੁੰਦਾ ਹੈ। ਚਰਚਿਤ ਨਾਟਕ ਵਿਚ ਮਨੋਬਚਨੀ ਸੰਵਾਦ ਦੀ ਸਿਰਜਣਾ ਮੁੱਖ ਪਾਤਰ ਗੋਕਲ ਚੰਦ ਦੀ ਸ਼ਖ਼ਸੀਅਤ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਹੈ। ਇਸ ਸੰਵਾਦ ਵਿਚੋਂ ਗੋਕਲ ਚੰਦ ਦਾ ਕਾਰੋਬਾਰੀ ਸੁਭਾਅ ਉੱਘੜ ਕੇ ਸਾਹਮਣੇ ਆਉਂਦਾ ਹੈ, ਉਸ ਲਈ ਪੈਸਾ, ਰਿਸ਼ਤਿਆਂ ਨਾਲੋਂ ਵੱਧ ਮਾਇਨੇ ਰੱਖਦਾ ਹੈ।

ਗੋਕਲ ਚੰਦ : (ਆਪਣੇ ਆਪ ਨਾਲ) ਹੇਹ ਵੀ ਕੇ ਯਾਦ ਕਰੇਸਨ, ਪਈ ਕਿਸੇ ਕਰਾੜੇ ਨਾਲ ਵਾਹ ਪਿਆ ਸੀ। ਤਿੰਨਾਂ ਦੇ ਹੋ ਗਏ ਪੰਦਰਾਂ ਸੌ, ਤੇ ਸੌ ਦੇ ਛੋੜਿਆ ਏ ਕਾਦਰੇ ਆਂ। ਦੇਣਾ ਤੇ ਨਹੀਂ ਸੀ ਚਾਹੀਦਾ..ਪਰ ਦੇਣ ਬਗ਼ੈਰ ਜਿੰਦ ਵੀ ਨਹੀਂ ਸੀ ਛੁਟਣੀ, ਤੇ ਸੌ ਦਾ ਨੋਟ, ਫ਼ੀਰੋਜ਼ ਖ਼ਾਂ ਥਾਣੇਦਾਰੇ ਆਂ ਲੈਣ ਤੇ ਨਹੀਂ ਲੱਗਾ, ਲੰਗੋਟੀਆ ਯਾਰ ਏ ਆਪਣਾ, ਪਰ ਇਨ੍ਹਾਂ ਲੋਕਾਂ ਦਾ ਕੁਝ ਪਤਾ ਵੀ ਨਹੀਂ, ਸਕੇ ਪਿਉ ਦਾ ਲਿਹਾਜ਼ ਨਾ ਕੀਤਾ ਹਿੰਨ੍ਹਾਂ ਪੁਲਸੀਆਂ ਨੇ?

(ਪੰਨਾ : 40-41)

### ਉਪਭਾਸ਼ਾਈ ਲਹਿਜ਼ਾ ਅਧਾਰਿਤ ਸੰਵਾਦ

ਜਦੋਂ ਗੱਲ ਕਿਸੇ ਵਿਸ਼ੇਸ਼ ਇਲਾਕੇ ਦੀ ਭਾਸ਼ਾ ਦੀ ਹੁੰਦੀ ਹੈ ਤਾਂ ਉਚਾਰਨ ਲਹਿਜ਼ਾ ਹੋਰ ਵੀ ਉਘੜਵੇਂ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਵਖਰੇਵੇਂ ਦਾ ਅਧਾਰ ਸਥਾਨਿਕ ਦੂਰੀ ਅਤੇ ਭੂਗੋਲਿਕ ਵੱਖਰਤਾ ਆਦਿ ਹੁੰਦੇ ਹਨ। ਪਾਂਧੀ ਨਨਕਾਣਵੀਂ ਦੁਆਰਾ ਇਸ ਨਾਟਕ ਵਿਚ ਪਾਤਰਾਂ ਦੇ ਉਚਾਰਨ ਲਹਿਜ਼ੇ ਨੂੰ ਪੋਠੋਹਾਰੀ ਦੇ ਸਥਾਨਿਕ ਰੰਗ ਵਿਚ ਰਚਿਆ ਗਿਆ ਹੈ। ਵਾਰਤਾਲਾਪ ਦੌਰਾਨ ਪਾਤਰਾਂ ਦੇ ਗੱਲ-ਬਾਤੀ ਢੰਗ ਵਿਚ ਹੀ ਨਹੀਂ ਸਗੋਂ ਉਨ੍ਹਾਂ ਦੇ ਸੁਭਾ ਅਤੇ ਅੰਦਾਜ਼ ਵਿਚ ਵੀ ਵਿਲੱਖਣਤਾ ਵੇਖੀ ਜਾ ਸਕਦੀ ਹੈ:

ਮੋਹਣਾ : ਲੈ ਚਾਚਾ, ਪਹਿਲਾਂ ਤੂੰ ਚਾ ਘਿੰਨ੍ਹ... ਮੂਲੇ ਖ਼ਤਰੀ ਆਂ ਫੇਰ ਚਾ ਦੇਸ਼ਾਂ।

ਗੋਕਲ ਚੰਦ : (ਚਾਹ ਦਾ ਗਲਾਸ ਫੜ ਕੇ) ਸ਼ਾਵਾ ਓਏ ਮੋਹਣਿਆਂ। (ਪੰਨਾ : 27)

### ਵਿਅਕਤੀ ਭਾਸ਼ਾ ਅਧਾਰਿਤ ਸੰਵਾਦ

ਵਿਅਕਤੀ ਭਾਸ਼ਾ ਹਰੇਕ ਭਾਸ਼ਿਕ ਬੁਲਾਰੇ ਦਾ ਉਹ ਨਿੱਜੀ ਅਤੇ ਵਿਸ਼ੇਸ਼ ਬੋਲਣ-ਢੰਗ ਹੁੰਦਾ ਹੈ ਜੋ ਨਿਰੋਲ ਉਸ ਦਾ ਆਪਣਾ ਤੇ ਨਿਰਾਲਾ ਹੁੰਦਾ ਹੈ ਪਰ ਇਹ ਬੋਲਣ ਢੰਗ ਇਕ ਵਿਸ਼ੇਸ਼ ਸਮੇਂ ਵਿਚ ਹੀ ਹੁੰਦਾ ਹੈ। ਇਹ ਵਿਸ਼ੇਸ਼ ਸਮਾਂ ਇਕ ਮਿੰਟ, ਦਿਨ, ਸਾਲ ਜਾਂ ਉਮਰ ਦਾ ਇਕ ਪੜਾਅ ਕੁਝ ਵੀ ਹੋ ਸਕਦਾ ਹੈ। ਇੱਥੋਂ ਪਤਾ ਲੱਗਦਾ ਹੈ ਕਿ ਵਿਅਕਤੀ ਦੀ ਇਹ ਨਿੱਜੀ ਭਾਸ਼ਾ ਵੀ ਸਮੇਂ ਅਨੁਸਾਰ ਬਦਲਦੀ ਰਹਿੰਦੀ ਹੈ। ਇਸ ਵਿਚ ਹਰ ਸਮੇਂ ਇਕਸਾਰਤਾ ਨਹੀਂ ਰਹਿੰਦੀ। ਵਿਅਕਤੀ ਭਾਸ਼ਾ ਅਧਾਰਿਤ ਸੰਵਾਦਾਂ ਦੀ ਸਿਰਜਣਾ ਪਿੱਛੇ ਕਾਰਜਸ਼ੀਲ ਨਾਟਕਕਾਰ ਦੀ ਪਹੁੰਚ ਵਿਚੋਂ ਉਸਦੇ ਲੋਕ-ਮਾਨਸ ਨਾਲ ਜੁੜੇ ਹੋਣ ਦਾ ਸਬੂਤ ਮਿਲਦਾ ਹੈ। ਉਹ ਆਪ ਦੁਕਾਨਦਾਰੀ ਨਾਲ ਜੁੜਿਆ ਰਿਹਾ ਹੈ। ਗਾਹਕਾਂ ਦੇ ਉਚਾਰਨ ਦੀ ਉਸ ਨੂੰ ਡੂੰਘੀ ਸਮਝ ਹੈ। ਇਸੇ ਕਰ ਕੇ ਹੀ ਉਹ ਵਿਅਕਤੀ ਭਾਸ਼ਾ ਅਧਾਰਿਤ ਸੰਵਾਦਾਂ ਦੀ ਸਿਰਜਣਾ ਵਿਚ ਕਾਮਯਾਬੀ ਹਾਸਿਲ ਕਰਦਾ ਹੈ; ਜਿਵੇ:

### ਇਕ ਵਿਅਕਤੀ ਭਾਸ਼ਾ ਵਾਲੇ ਸੰਵਾਦ:

ਅਜਿਹੇ ਸੰਵਾਦਾਂ ਵਿਚ ਇਕੋ ਪਾਤਰ ਵੱਖੋ-ਵੱਖਰੇ ਸਮੇਂ ’ਤੇ ਇਕੋ ਸ਼ਬਦ ਲਈ ਵੱਖੋ-ਵੱਖਰੀਆਂ ਧੁਨੀਆਂ ਉਚਾਰਦਾ ਹੈ। ਜਿਵੇਂ;

ਗੋਕਲ ਚੰਦ : (ਦਿਲ ਵਿਚਲਾ ਗੁੱਸਾ ਦਬਾ ਕੇ) ਸੈਹਬ ਜੀ, ਦਾਮ ਤਾਂ ਏਹੋ ਹੋਸਨ।

ਗੋਕਲ ਚੰਦ : ਇਹ ਅਸਾਡੇ ਦੇਸ਼ੀ ਸਾਹਬ? (ਪੰਨਾ : 30, 31)

### ਅੰਤਰ-ਵਿਅਕਤੀ ਭਾਸ਼ਾ ਵਾਲੇ ਸੰਵਾਦ:

ਇਨ੍ਹਾਂ ਸੰਵਾਦਾਂ ਵਿਚ ਪਾਤਰ ਸ਼ਬਦ ਪੱਧਰ ਉੱਤੇ ਇਕ-ਦੂਜੇ ਦੇ ਮੁਕਾਬਲੇ ਵੱਖਰੀਆਂ ਧੁਨੀਆਂ ਦੀ ਵਰਤੋਂ ਕਰਦੇ ਹਨ। ਜਿਵੇਂ;

ਗੋਕਲ ਚੰਦ : ਸੱਚ ਅਖੇਨੈਂ ਆਸਾ ਸਿੰਘਾ?
ਆਸਾ ਸਿੰਘ : ਹੋਰ ਝੂਠ ਅਖੇਨਾਂ? (ਪੰਨਾ : 17)

### ਅਪਭਾਸ਼ਾ ਅਧਾਰਿਤ ਸੰਵਾਦ

ਅਪਭਾਸ਼ਾ ਅਜਿਹਾ ਭਾਸ਼ਾਈ ਰੂਪ ਹੈ, ਜਿਸ ਨੂੰ ਸਮਾਜ ਵਿਚ ਸੁਤੰਤਰ ਤੌਰ 'ਤੇ ਨਹੀਂ ਉਚਾਰਿਆ ਜਾ ਸਕਦਾ। ਇਸ ਦੇ ਵਿਸ਼ੇ ਖੇਤਰ ਵਿਚ ਅਜਿਹੀ ਅਸ਼ਲੀਲ ਸ਼ਬਦਾਵਲੀ ਆਉਂਦੀ ਹੈ ਜਿਸ ਵਿਚ ਕਾਮ, ਨਿੰਦਿਆ, ਚੁਗਲੀ, ਤਨਜ਼ ਅਤੇ ਗਾਲ੍ਹਾਂ ਆਦਿ ਸ਼ਾਮਿਲ ਹੁੰਦੀਆਂ ਹਨ। ਗਾਲ੍ਹਾਂ ਪੰਜਾਬੀ ਪੇਂਡੂ ਜੀਵਨ ਦਾ ਅਭਿੰਨ ਅੰਗ ਬਣ ਚੁੱਕੀਆਂ ਹਨ, ਜਿਨ੍ਹਾਂ ਦੀ ਵਰਤੋਂ ਸੁਤੰਤਰ ਰੂਪ ਵਿਚ ਕੀਤੀ ਜਾਂਦੀ ਹੈ। ਮੁਸ਼ਕਿਲ ਵਿਚ ਫਸਿਆ ਬੰਦਾ ਆਪਣੇ ਮਨ ਦਾ ਗੁਬਾਰ ਗਾਲ੍ਹਾਂ ਦੇ ਰੂਪ ਵਿਚ ਬਾਹਰ ਕੱਢਦਾ ਹੈ। ਪਾਂਧੀ ਨਨਕਾਣਵੀਂ ਦੁਆਰਾ ਇਸ ਨਾਟਕ ਵਿਚ ਅਪਭਾਸ਼ਾਈ ਸੰਵਾਦਾਂ ਦੇ ਅੰਤਰਗਤ ਵਰਤੀ ਗਈ ਸ਼ਬਦਾਵਲੀ ਪੁਲਿੰਗ ਸ਼੍ਰੇਣੀ ਨਾਲ ਸਬੰਧਿਤ ਹੈ; ਜਿਵੇਂ:

ਗੋਕਲ ਚੰਦ : ਹਿਸ ਬਾਗ਼ੀ ਹਰਾਮਜ਼ਾਦੇ ਨੇ, ਆਪ ਤਾਂ ਮਰਨਾ ਹੀ ਮਰਨਾ ਏਂ,
...ਨਾਲ ਹੁਸਨੂੰ ਵੀ ਲੈ ਟੁਰਿਐ ਲਫੰਗਾ (ਪੰਨਾ : 60)

### ਅਖਾਣ-ਮੁਹਾਵਰੇ ਅਧਾਰਿਤ ਸੰਵਾਦ

ਅਖਾਣ-ਮੁਹਾਵਰੇ ਕਿਸੇ ਵੀ ਕੌਮ ਦੇ ਸਮਾਜ-ਸਭਿਆਚਾਰ ਦਾ ਕੀਮਤੀ ਸਰਮਾਇਆ ਹੁੰਦੇ ਹਨ। ਇਨ੍ਹਾਂ ਦੀ ਵਰਤੋਂ ਨਾਲ ਜਿੱਥੇ ਪਾਤਰ ਦੀ ਵਾਰਤਾਲਾਪ ਵਿਚ ਇਕ ਖ਼ਾਸ ਕਿਸਮ ਦੀ ਚੁਸਤੀ ਪੈਦਾ ਹੁੰਦੀ ਹੈ ਉੱਥੇ ਨਾਲ ਹੀ ਇਹ ਵਸਤੂ-ਸਥਿਤੀ ਦੀ ਅਤਿ ਯਥਾਰਥਿਕਤਾ ਨੂੰ ਦਰਸ਼ਕਾਂ ਦੀਆਂ ਅੱਖਾਂ ਅੱਗੇ ਲਿਆ ਖੜ੍ਹਾ ਕਰਦੇ ਹਨ। ਇਸ ਨਾਟਕ ਵਿਚ ਪਾਂਧੀ ਨਨਕਾਣਵੀਂ ਦੁਆਰਾ ਵਰਤੇ ਗਏ ਅਖਾਣ-ਮੁਹਾਵਰੇ ਇਤਿਹਾਸਿਕ ਵੇਰਵਿਆਂ, ਸੰਘਰਸ਼ ਅਤੇ ਅਧੀਨਤਾ ਆਦਿ ਵਿਸ਼ਿਆਂ ਦੀ ਤਰਜ਼ਮਾਨੀ ਕਰਦੇ ਹਨ।

ਗੋਕਲ ਚੰਦ : ਉਹ ਜਾਣੇ, ਹਿੰਨ੍ਹਾਂ ਲੋਕਾਂ ਦੀ ਈਨ ਮੰਨ ਕੇ ਰਹਿ ਪਾਉਸਾਂ। (ਪੰਨਾ : 18)
ਆਸਾ ਸਿੰਘ : ਅਖੇ, 'ਖਾਹਧਾ ਪੀਤਾ ਲਾਹੇ ਦਾ, ਤੇ ਰਹਿੰਦਾ ਅਹਿਮਦ ਸ਼ਾਹੇ ਦਾ।' (ਪੰਨਾ : 22)
ਗੋਕਲ ਚੰਦ : ਸੱਚ ਹੀ ਕਿਸੇ ਆਖਿਆ ਏ, "ਗੁੱਲ ਗਏ, ਗੁਲਸ਼ਨ ਗਏ, ਗੁਲ ਧਤੂਰੇ ਰਹਿ ਗਏ।" (ਪੰਨਾ : 31)

### ਤਤਸਮ ਅਤੇ ਤਦਭਵ ਸ਼ਬਦ ਅਧਾਰਿਤ ਸੰਵਾਦ

ਭਾਸ਼ਾਵਾਂ ਇਕ-ਦੂਜੀ ਤੋਂ ਸ਼ਬਦਾਂ ਦਾ ਲੈਣ-ਦੇਣ ਕਰਦੀਆਂ ਰਹਿੰਦੀਆਂ ਹਨ। ਇਸ ਲੈਣ-ਦੇਣ ਦੀ ਪ੍ਰਕਿਰਿਆ ਦੌਰਾਨ ਭਾਸ਼ਾਵਾਂ ਦੁਆਰਾ ਕੁਝ ਸ਼ਬਦਾਂ ਨੂੰ ਉਨ੍ਹਾਂ ਦੇ ਮੂਲ ਰੂਪ ਵਿਚ ਅਪਣਾ ਲਿਆ ਜਾਂਦਾ ਹੈ ਅਤੇ ਕੁਝ ਸ਼ਬਦਾਂ ਦੇ ਰੂਪ ਆਪਣੇ ਸੁਭਾਅ ਅਨੁਸਾਰ ਢਾਲ ਲਏ ਜਾਂਦੇ ਹਨ। ਮੂਲ ਰੂਪ ਵਿਚ ਅਪਣਾਏ ਸ਼ਬਦਾਂ ਨੂੰ ਤਤਸਮ ਅਤੇ ਬਦਲਵੇਂ ਰੂਪ ਵਿਚ ਅਪਣਾਏ ਗਏ ਸ਼ਬਦਾਂ ਨੂੰ ਤਦਭਵ ਕਿਹਾ ਜਾਂਦਾ ਹੈ। ਚਰਚਿਤ ਨਾਟਕ ਵਿਚ ਤਤਸਮ ਅਤੇ ਤਤਦਭ ਸ਼ਬਦ ਦੀ ਕਾਫ਼ੀ ਵਰਤੋਂ ਕੀਤੀ ਗਈ ਹੈ। ਸੰਵਾਦਾਂ ਵਿਚ ਨਾਟਕਕਾਰ ਦੁਆਰਾ ਅਜਿਹਾ ਪ੍ਰਯੋਗ ਪਾਤਰਾਂ ਦੀ ਸਮਾਜਕ ਤੇ ਧਾਰਮਿਕ ਸਥਿਤੀ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਹੈ; ਜਿਵੇਂ:

ਗੋਕਲ ਚੰਦ : ਕੀਮਤਾਂ ਤੇ ਫਿਕਸ (ਢਿਣ) ਹੁੰਦੀਆਂ ਨੇ ਅਸਾਡੀਆਂ। (ਪੰਨਾ : 30)
ਆਸਾ ਸਿੰਘ : ਆਪਣੀ ਵੱਖਰੀ ਸਟੇਟ ਲੈ ਲਓ.... (ਪੰਨਾ : 50)
ਪ: ਦੁਕਾਨਦਾਰ : ਜੀ ਹਾਂ। ਉਸ ਕੇ ਆਗੇ ਕਿਸ ਕਾ ਬਸ ਚਲਤਾ ਹੈ? (ਪੰਨਾ : 32)
ਡਰਾਇਵਰ : ਦੇਰ ਕਿਆ ਲਾਗੇ ਲਾਲਾ ਜੀ, ਅਭੀ ਵਾਪਸ ਆਇਆ...ਪਾਂਚ ਦਸ ਮਿੰਟ ਮੇਂ। (ਪੰਨਾ : 64)

ਨਾਟਕ ਦੀ ਮਹੀਨ ਪੜ੍ਹਤ ਉਪਰੰਤ ਸਾਨੂੰ ਪ੍ਰਾਪਤ ਹੋਈਆਂ ਉਪਰੋਕਤ ਸੰਵਾਦੀ ਜੁਗਤਾਂ ਪਾਂਧੀ ਨਨਕਾਣਵੀਂ ਦੇ ਨਾਟਕ ਨੂੰ ਇਕ ਸੂਤਰ ਵਿਚ ਪਰੋ ਰਹੀਆਂ ਹਨ। ਇਨ੍ਹਾਂ ਸੰਵਾਦਾਂ ਰਾਹੀਂ ਨਾਟਕਕਾਰ ਨੇ ਪਾਤਰਾਂ ਦੀਆਂ ਹੱਡ-ਬੀਤੀਆਂ ਨੂੰ ਬੜੇ ਭਾਵੁਕ ਰੂਪ ਵਿਚ ਪੇਸ਼ ਕੀਤਾ ਹੈ। ਨਾਟਕਕਾਰ ਦੀ ਇਹ ਵੀ ਕੋਸ਼ਿਸ਼ ਹੈ ਕਿ ਉਹ 1947 ਦੇ ਸੰਤਾਪ ਦੀ ਬਿੰਬ ਨਿਰਮਾਣਕਾਰੀ ਵਿਚ ਵੀ ਕੋਈ ਕਮੀ ਨਾ ਰਹਿਣ ਦੇਵੇ। ਨਾਟਕ ਦੀ ਉਪਰੋਕਤ ਸੰਵਾਦੀ ਵਿਉਂਤਬੰਦੀ ਸੁਭਾਵਿਕਤਾ, ਸਰਲਤਾ, ਸੰਖੇਪਤਾ ਜਿਹੇ ਗੁਣਾਂ ਦੀ ਪ੍ਰਤੀਕ ਹੈ।

◈


ISSN : 2395-1273